# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ
## www.chandigarh.gov.in
## ਪ੍ਰੈਸ ਨੋਟ

ਚੰਡੀਗੜ੍ਹ, 6 ਸਤੰਬਰ :- ਸੈਂਟਰਲ ਟ੍ਰੇਡ ਯੂਨੀਅਨ ਦੁਆਰਾ ਕੀਤੀ ਜਾ ਰਹੀ ਹੜਤਾਲ ਨੂੰ ਦੇਖਦੇ ਹੋਏ ਯੂਟੀ ਪਾਵਰਮੈਨ ਯੂਨੀਅਨ ਨੇ ਵੀ 7 ਸਤੰਬਰ, 2010 ਨੂੰ ਹੜਤਾਲ ਕਰਨ ਦਾ ਨਿਰਣਾ ਲਿਆ ਹੈ।

ਯੂਟੀ ਪ੍ਰਸ਼ਾਸਨ ਦੇ ਬੁਲਾਰੇ ਨੇ ਦੱਸਿਆ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਸਦੈਵ ਹੀ ਬਿਜ਼ਲੀ ਕਰਮਚਾਰੀਆਂ ਦੀਆਂ ਵਾਸਤਵਿਕ ਮੰਗਾਂ ਦੇ ਪ੍ਰਤੀ ਨਰਮ ਰਵੱਈਆ ਅਪਨਾਇਆ ਹੈ ਅਤੇ ਕਰਮਚਾਰੀਆਂ ਦੇ ਕੋਲ ਹੜਤਾਲ ਕਰਨ ਦਾ ਕੋਈ ਕਾਰਨ ਨਹੀਂ ਹੈ। 'ਕੰਮ ਨਹੀਂ ਤਨਖਾਹ ਨਹੀਂ' ਦੇ ਸਿਧਾਂਤ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਇਸ ਲਈ ਕਰਮਚਾਰੀਆਂ ਨੂੰ ਡਿਊਟੀ ਤੇ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਈਐਸਐਮਏ (ਜਰੂਰੀ ਸੇਵਾਵਾਂ ਰੱਖ ਰਖਾਵ ਨਿਯਮ) ਦੇ ਤਹਿਤ ਦੋਸ਼ੀ ਕਰਮਚਾਰੀਆਂ ਦੇ ਖਿਲਾਫ ਅਨੁਸ਼ਾਸ਼ਨਾਤਮਕ ਕਾਰਵਾਈ ਕੀਤੀ ਜਾ ਸਕਦੀ ਹੈ।

ਹਲਾਂਕਿ ਬਿਜ਼ਲੀ ਅਪੂਰਤੀ ਅਧਿਨਿਯਮ ਬਣਾਏ ਰੱਖਣ ਲਈ ਜਰੂਰੀ ਪ੍ਰਬੰਧ ਕੀਤੇ ਗਏ ਹਨ ਪਰ ਬਿਜਲੀ ਅਪੂਰਤੀ ਫੇਲ੍ਹ ਹੋਣ ਦੀ ਸੰਭਾਵਨਾ ਨੂੰ ਨਕਾਰਾ ਨਹੀਂ ਜਾ ਸਕਦਾ। ਸਾਰੇ ਬਿਜਲੀ ਉਪਭੋਗਤਾਵਾਂ ਨੂੰ ਪ੍ਰਸ਼ਾਸਨ ਦੇ ਨਾਲ ਸ਼ਹਿਯੋਗ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਬਿਜ਼ਲੀ ਸੰਬੰਧੀ ਸ਼ਿਕਾਇਤਾਂ ਦੇ ਲਈ ਜਨਤਾ ਸ਼ਿਕਾਇਤ ਕੇਂਦਰਾਂ ਨਾਲ ਸੰਪਰਕ ਕਰ ਸਕਦੀ ਹੈ। ਇਸ ਦੇ ਇਲਵਾ ਕੰਟਰੋਲ ਰੂਮ ਵਿਚ ਵੀ ਸੰਪਰਕ ਕੀਤਾ ਜਾ ਸਕਦਾ ਹੈ। ਜਨਤਾ ਨੂੰ ਬਿਜਲੀ ਦੀਆਂ ਲਾਈਨਾਂ ਤੇ ਨਿਗਰਾਨੀ ਰੱਖਣ ਦੀ ਬੇਨਤੀ ਕੀਤੀ ਗਈ ਹੈ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਛੇੜ ਛਾੜ ਦੀ ਜਾਣਕਾਰੀ ਪੁਲਿਸ ਕੰਟਰੋਲ ਰੂਮ ਅਤੇ ਨਿਮਨਲਿਖਤ ਨੰਬਰਾਂ ਤੇ ਕੀਤੀ ਜਾ ਸਕੇ:

| | |
|---|---|
| ਕੰਟਰੋਲ ਰੂਮ ਸੈਕਟਰ 17 | 2703242, 2700200 |
| ਕੰਟਰੋਲ ਰੂਮ ਸੈਕਟਰ 9 | 2742370, 2743940 |
| ਨਾਗਰਿਕ ਸੁਵਿਧਾ ਕੇਂਦਰ | 4639999 |
| ਐਸਐਮਐਸ ਦੁਆਰਾ ਸ਼ਿਕਾਇਤ | 8054104518 |